Vigilance Bureau, Punjab
Vigilance Bhawan,Sector-68, SAS Nagar
Phone: 0172-2217100-200 (Control Room& Fax)

ਵਿਜੀਲੈਂਸ ਬਿਊਰੋ, ਪੰਜਾਬ।
ਵਿਜੀਲੈਸ ਭਵਨ, ਸੈਕਟਰ-68, ਐਸ.ਏ.ਐਸ.ਨਗਰ
ਫੋਨ : 0172-2217100-200 (ਕੰਟਰੋਲ ਰੂਮ ਅਤੇ ਫੈਕਸ)

# ਹੁਕਮ

ਇਹ ਵੇਖਣ ਵਿੱਚ ਆਇਆ ਹੈ ਕਿ ਵਿਜੀਲੈਂਸ ਇੰਨਕੁਆਰੀਆਂ/ਦਰਖਾਸਤਾਂ ਦੀਆਂ ਪੜਤਾਲੀਆ ਰਿਪੋਰਟਾਂ 02 ਪਰਤਾਂ ਵਿੱਚ ਕਾਰਵਾਈ ਕਰਨ ਲਈ ਰੇਂਜਾਂ/ਯੂਨਿਟਾਂ ਵੱਲੋਂ ਇਸ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ ਜ਼ੋ ਪ੍ਰਵਾਨ ਹੋਣ ਉਪਰੰਤ ਉਸ ਦੀ ਇੱਕ ਪਰਤ ਰੇਂਜਾਂ/ਯੂਨਿਟਾਂ ਨੂੰ ਵਾਪਸ ਭੇਜੀ ਜਾਂਦੀ ਹੈ, ਪਰ ਜਦੋਂ ਵੀ ਕੋਈ ਦਰਖਾਸਤ ਦਾਖਲ ਦਫਤਰ ਕਰਨ ਸਬੰਧੀ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਂਦੀ ਹੈ ਤਾਂ ਉਹ ਇੱਕ ਪਰਤ ਵਿੱਚ ਹੀ ਭੇਜੀ ਜਾਂਦੀ ਹੈ, ਜਿਸ ਦੇ ਪ੍ਰਵਾਨ ਹੋਣ ਤੇ ਫਾਇਲ ਹੋਣ ਉਪਰੰਤ ਸਬੰਧਤ ਡੀਲਿੰਗ ਹੈਂਡ ਰੇਂਜ/ਯੂਨਿਟ ਵੱਲੋਂ ਭੇਜੀ ਗਈ ਰਿਪੋਰਟ ਅੰਤਿਮ ਹੁਕਮਾਂ ਨਾਲ ਨੱਥੀ ਕਰਕੇ ਵਾਪਸ ਰੇਂਜਾਂ/ਯੂਨਿਟਾਂ ਨੂੰ ਭੇਜ਼ ਦਿੰਦਾ ਹੈ ਅਤੇ ਖੁਦ ਰਿਪੋਰਟ ਦੀ ਵੱਖਰੀ ਫੋਟੋ ਕਾਪੀ ਕਰਵਾ ਕੇ ਆਪਣੇ ਰਿਕਾਰਡ ਵਿੱਚ ਰੱਖਦਾ ਹੈ। ਰੇਂਜਾਂ/ਯੂਨਿਟਾਂ ਵੱਲੋਂ ਰਿਪੋਰਟ ਮੁੱਖ ਦਫਤਰ ਦੇ ਦਫਤਰੀ ਰਿਕਾਰਡ ਹਿੱਤ ਭੇਜੀ ਜਾਂਦੀ ਹੈ ਜ਼ੋ ਵਾਪਸ ਉਨ੍ਹਾਂ ਦੇ ਦਫਤਰ ਪ੍ਰਾਪਤ ਹੋਣ ਨਾਲ ਉਨ੍ਹਾਂ ਦੇ ਦਫਤਰੀ ਰਿਕਾਰਡ ਨਾਲ ਨੱਥੀ ਹੋ ਜਾਣ ਕਰਕੇ ਦਫਤਰੀ ਫਾਇਲ ਡਬਲ ਹੋ ਜਾਂਦੀ ਹੈ।

ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੀਆਂ ਰਿਪੋਰਟਾਂ ਦੀ ਵੱਖਰੀ ਫੋਟੋ ਕਾਪੀ ਕਰਨ ਦੀ ਬਜਾਏ ਰੇਂਜ/ਯੂਨਿਟ ਦਫਤਰ ਵੱਲੋਂ ਭੇਜੀ ਗਈ ਰਿਪੋਰਟ ਦੀ ਕਾਪੀ ਰਿਕਾਰਡ ਤੇ ਰੱਖ ਲਈ ਜਾਇਆ ਕਰੇ, ਜਿਸ ਨਾਲ ਮੁੱਖ ਦਫਤਰ, ਵਿਜੀਲੈਂਸ ਬਿਊਰੋ ਪੰਜਾਬ ਵਿਖੇ ਖਪਤ ਹੋ ਰਹੀ ਸਟੇਸ਼ਨਰੀ ਦੀ ਬੱਚਤ ਹੋਵੇਗੀ।

ਇਨ੍ਹਾਂ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਹੀ/-
(ਵਰਿੰਦਰ ਕੁਮਾਰ), ਆਈ.ਪੀ.ਐਸ.,
ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।

ਨੰਬਰ 41424-47/ਵਬ/ਐਸ-3 ਮਿਤੀ 15/11/22

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਉਕਤ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਅ.ਅ.ਸ਼ਾਖਾ ਵਿਜੀਲੈਂਸ ਬਿਊਰੋ,ਪੰਜਾਬ।
2. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਫਸ, ਪੰਜਾਬ।
3. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਸਿਕਾਇਤ ਸੈਲ, ਵਿਜੀਲੈਂਸ ਬਿਊਰੋ, ਪੰਜਾਬ।
4. ਸੰਯੁਕਤ ਡਾਇਰੈਕਟਰ ਪ੍ਰਸ਼ਾਸਨ, ਵਿਜੀਲੈਂਸ ਬਿਊਰੋ, ਪੰਜਾਬ।
5. ਸੰਯੁਕਤ ਡਾਇਰੈਕਟਰ ਕਰਾਈਮ, ਵਿਜੀਲੈਂਸ ਬਿਊਰੋ, ਪੰਜਾਬ।
6. ਸੰਯੁਕਤ ਡਾਇਰੈਕਟਰ ਆਈ.ਵੀ.ਸੀ ਅਤੇ ਐਸ.ਯੂ, ਵਿਜੀਲੈਂਸ ਬਿਊਰੋ, ਪੰਜਾਬ।
7. ਸਹਾਇਕ ਇੰਸਪੈਕਟਰ ਜਨਰਲ ਪੁਲਿਸ, ਐਂਟੀ ਕਰੱਪਸ਼ਨ ਐਕਸ਼ਨ ਲਾਈਨ, ਵਿਜੀਲੈਂਸ ਬਿਊਰੋ,ਪੰਜਾਬ।
8. ਸੰਯੁਕਤ ਡਾਇਰੈਕਟਰ ਪ੍ਰਾਸੀਕਿਊਸ਼ਨ, ਵਿਜੀਲੈਂਸ ਬਿਊਰੋ, ਪੰਜਾਬ।
9. ਸੀਨੀਅਰ ਕਪਤਾਨ ਪੁਲਿਸ, ਵਿਜੀਲੈਂਸ ਬਿਊਰੋ, ਰੇਂਜ ਪਟਿਆਲਾ, ਰੇਂਜ ਅੰਮ੍ਰਿਤਸਰ, ਰੇਂਜ ਜਲੰਧਰ, ਰੇਂਜ ਲੁਧਿਆਣਾ,ਰੇਂਜ ਫਿਰੋਜਪੁਰ, ਰੇਂਜ ਬਠਿੰਡਾ, ਰੇਂਜ ਐਸ.ਏ.ਐਸ ਨਗਰ ਅਤੇ ਅ:ਅ:ਸਾਖਾ, ਲੁਧਿਆਣਾ। } ਈ-ਮੇਲ ਰਾਹੀਂ
10. ਐਸ.ਓ-ਟੂ-ਮੁੱਖ ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
11. ਰੀਡਰ-ਟੂ-ਡਾਇਰੈਕਟਰ, ਵਿਜੀਲੈਂਸ ਬਿਊਰੋ, ਪੰਜਾਬ।
12. ਰੀਡਰ-ਟੂ-ਏ.ਡੀ.ਜੀ.ਪੀ, ਅ.ਅ.ਸ਼ਾਖਾ, ਵਿਜੀਲੈਂਸ ਬਿਊਰੋ, ਪੰਜਾਬ।
13. ਰੀਡਰ-ਟੂ-ਡਿਪਟੀ ਇੰਸਪੈਕਟਰ ਜਨਰਲ ਪੁਲਿਸ, ਵਿਜੀਲੈਂਸ ਬਿਊਰੋ, ਪੰਜਾਬ।
14. ਸੁਪਰਡੈਂਟ ਕਰਾਈਮ-1 ਅਤੇ 2 ਵਿਜੀਲੈਂਸ ਬਿਊਰੋ, ਪੰਜਾਬ।
15. ਸੁਪਰਡੈਂਟ ਕੰਪਲੇਟ ਸੈੱਲ, ਵਿਜੀਲੈਂਸ ਬਿਊਰੋ, ਪੰਜਾਬ।
16. ਇੰਨਚਾਰਜ ਵੈਬ ਮੈਨਟੀਨੈਂਸ ਸੈਲ/ਵਿਜੀਲੈਂਸ ਬਿਊਰੋ, ਪੰਜਾਬ।

(ਕੰਵਲਦੀਪ ਸਿੰਘ) ਪੀ.ਪੀ.ਐਸ.,
ਸੰਯੁਕਤ ਡਾਇਰੈਕਟਰ/ਪ੍ਰਸ਼ਾਸਨ,
ਵਾਸਤੇ ਮੁੱਖ ਡਾਇਰੈਕਟਰ,
ਵਿਜੀਲੈਂਸ ਬਿਊਰੋ, ਪੰਜਾਬ।